ਦਫਤਰ ਡਾਇਰੈਕਟਰ ਸਿਖਿਆ ਵਿਭਾਗ(ਸੈਸਿ) ਪੰਜਾਬ,ਅਜੀਤਗੜ੍ਹ

(ਵਜੀਫਾ ਸਾਖਾ)

ਵੱਲ,

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:)
ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ:ਸਿ:)
ਸਮੂਹ ਸਕੂਲ ਮੁੱਖੀ

ਮੀਮੋ ਨੰ: 16/25-2010 ਵਜੀਫਾ(6)
ਮਿਤੀ ਐਸ.ਏ.ਐਸ.ਨਗਰ : 29-05-2015

ਵਿਸ਼ਾ:- ਸਾਲ 2015-16 ਲਈ ਵੱਖ-ਵੱਖ ਵਜੀਫਾ ਸਕੀਮਾਂ ਨੂੰ ਈ-ਪੰਜਾਬ ਪੋਰਟਲ ਤੇ ਸਕੂਲਾਂ ਦੇ login-id ਤੋਂ ਤਿਆਰ ਕਰਵਾਉਣ ਸਬੰਧੀ।

ਹਵਾਲਾ:- ਇਸ ਦਫਤਰ ਦੇ ਅ.ਸ.ਪੱ.ਨੰ: 16/25-2010 ਵ(6) ਮਿਤੀ 17-04-2015 ਜੋ ਕਿ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ ਵੱਲੋਂ ਹਸਤਾਖਰਿਤ ਹੈ ਅਤੇ ਪੱਤਰ ਨੰ: 8/2-2015 ਵ(6) ਮਿਤੀ 24-04-2015 ਆਧਾਰ ਬਣਾਉਣ ਦੇ ਸਬੰਧ ਵਿੱਚ।

ਉਪਰੋਕਤ ਸਬੰਧੀ ਦੱਸਿਆ ਜਾਂਦਾ ਹੈ ਕਿ ਆਪ ਦੇ ਜਿਲ੍ਹੇ ਵਿੱਚ ਭਾਰਤ ਸਰਕਾਰ ਵੱਲੋਂ ਵੱਖ-ਵੱਖ ਵਜੀਫਾ ਸਕੀਮਾਂ ਜੋ ਨੱਥੀ ਹਨ, ਨੂੰ ਸਾਲ 2015-16 ਦੀ ਤਜਵੀਜ ਵਿੱਚ ਜੋ ਫੀਲਡ ਵਿਦਿਆਰਥੀ ਨਾਲ ਸਬੰਧਤ ਸਕੂਲ ਦੇ Login-id ਤੋਂ ਈ-ਪੰਜਾਬ ਪੋਰਟਲ ਤੇ ਭਰੇ ਗਏ ਹਨ, ਨੂੰ ਸਾਮਿਲ ਕਰਕੇ ਬਣਾਈ ਜਾਵੇ। ਇੱਥੇ ਇਹ ਦੱਸਣਯੋਗ ਹੈ ਕਿ ਕੇਂਦਰ ਸਪਾਂਸਰਡ ਸਕੀਮਾਂ ਵਿੱਚ ਸਰਕਾਰੀ/ਏਡਿਡ/ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲ/ਸੰਸਥਾਵਾਂ ਜੋ ਕਿਸੇ ਵੀ ਬੋਰਡ ਤੋਂ ਮਾਨਤਾ ਪ੍ਰਾਪਤ ਹੋਣ, ਸਾਮਿਲ ਕੀਤੇ ਜਾਣੇ ਹਨ, ਪ੍ਰੰਤੂ ਹਰ ਸਕੂਲ ਪਹਿਲਾਂ ਈ-ਪੰਜਾਬ ਤੇ ਰਜਿਸਟਰ ਕਰਨਾ ਜਰੂਰੀ ਹੈ, ਜੋ ਪਹਿਲਾਂ ਤੋਂ ਹੀ ਕਾਰਵਾਈ ਅਧੀਨ ਹੈ। ਇਸਲਈ ਕਿਸੇ ਵੀ ਨੱਥੀ ਸਕੀਮਾਂ ਅਧੀਨ ਜੋ ਵੀ ਵਿਦਿਆਰਥੀ ਯੋਗ ਹਨ, ਦੇ ਬੈਂਕ ਖਾਤੇ ਖੋਲ ਕੇ ਅਤੇ ਆਧਾਰ ਕਾਰਡ ਬਣਾ ਕੇ ਲਿੰਕ ਕਰਵਾਉਣ ਲਈ ਵਿਦਿਆਰਥੀ ਨੂੰ ਹਦਾਇਤਾਂ ਕਰ ਦਿੱਤੀਆਂ ਜਾਣ। ਜੇਕਰ ਕਿਸੇ ਵਿਦਿਆਰਥੀ ਦਾ ਆਧਾਰ ਨਹੀਂ ਹੈ, ਤਾਂ ਉਸ ਨੂੰ ਇੱਕ ਮਹੀਨੇ ਦਾ ਸਮਾਂ ਦੇ ਦਿੱਤਾ ਜਾਵੇ, ਕਿਉਂਜੋ ਸਕੂਲ ਦੇ login-id ਤੋਂ ਸਕੂਲ ਲਿੰਕ ਵਿੱਚ ਜਾ ਕੇ ਈ-ਪੰਜਾਬ ਪੋਰਟਲ ਰਾਹੀਂ ਆਪਣੇ ਜਿਲ੍ਹੇ ਦੇ ਸਕੂਲਾਂ ਦੇ ਵਿਦਿਆਰਥੀਆਂ ਦੇ ਵਜੀਫੇ ਲਈ ਅਪਲਾਈ ਕਰਨ ਲਈ ਈ-ਪੰਜਾਬ ਪੋਰਟਲ ਮਿਤੀ 01-07-2015 ਤੋਂ ਸੁਰੂ ਕੀਤਾ ਜਾਵੇਗਾ।

ਇਸਲਈ ਆਪਣੇ ਜਿਲ੍ਹੇ ਦੇ ਸਾਰੇ ਸਕੂਲ ਮੁਖੀਆਂ ਨੂੰ ਹਦਾਇਤਾਂ ਕੀਤੀਆਂ ਜਾਵੇ ਕਿ ਉਹ ਆਪਣੇ ਈ-ਪੰਜਾਬ ਦੇ Login-id ਵਿੱਚ ਸਾਰੇ ਡਾਟਾ ਨੂੰ ਸਰਟੀਫਾਈ ਕਰਨ ਕਿ ਭਰੇ ਗਏ ਸਾਰੇ ਫੀਲਡ ਪੂਰੇ ਅਤੇ ਸਹੀ ਹਨ ਅਤੇ ਵਜੀਫੇ ਦੇ ਲਾਭਪਾਤਰੀਆਂ ਦੇ ਆਧਾਰ ਲਾਜਮੀ ਹਨ। ਇਸਲਈ ਜਿਨ੍ਹਾਂ ਵਿਦਿਆਰਥੀਆਂ ਦੇ ਆਧਾਰ ਨਹੀਂ ਹਨ, ਉਹਨਾਂ ਨੂੰ ਇੱਕ ਮਹੀਨੇ ਦੇ ਅੰਦਰ-ਅੰਦਰ ਆਧਾਰ ਬਣਾਉਣ ਲਈ assist ਕੀਤਾ ਜਾਵੇ।

29/5/15

ਵਿਸੇਸ ਕਾਰਜ ਅਫਸਰ(ਵਜੀਫਾ)

| ਕੇਂਦਰ ਸਪੌਂਸਰਡ ਸਕੀਮਾਂ | |
|---|---|
| ਲੜੀ ਨੰ: | ਸਕੀਮ ਦਾ ਨਾਮ |
| 1 | ਪ੍ਰੀਮੈਟ੍ਰਿਕ ਸਕਾਲਰਸਿਪ ਫਾਰ ਐਸ ਸੀ ਸ਼ਟਡਿੰਗ ਇੰਨ 9ਵੀ ਅਤੇ 10ਵੀ ਸਕੀਮ |
| 2 | ਮਲੀਨ ਕਿੱਤਾ ਕਰਨ ਵਾਲੇ ਮਾਪਿਆਂ ਦੇ ਬੱਚਿਆ ਨੂੰ ਵਜੀਫਾ ਦੇਣ ਸਬੰਧੀ ਸਕੀਮ (Tanner,Flayer,Scawanger) |
| 3 | ਪ੍ਰੀ-ਮੈਟ੍ਰਿਕ ਸਕਾਲਰਸਿਪ ਫਾਰ ਓ.ਬੀ.ਸੀ ਸਕੀਮ |
| 4 | ਅਪਗਰੇਡੇਸ਼ਨ ਆਫ ਮੈਰਿਟ ਆਫ ਐਸ. ਸੀ ਸਟੂਡੈਂਟਸ |
| 5 | ਪ੍ਰੀ-ਮਟ੍ਰਿਕ ਮਨਿਓਰਿਟੀ ਸਕਾਲਰਸਿਪ ਸਕੀਮ ਅਧੀਨ ਵਜੀਫੇ ਦੇਣ ਲਈ ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀ (ਪਹਿਲੀ ਤੋਂ ਦਸਵੀਂ) |
| 6 | ਨੈਸਨਲ ਸਕੀਮ ਆਫ ਇੰਨਸੈਂਟਿਵ ਟੂ ਗਰਲਜ ਫਾਰ ਸੈਕੰਡਰੀ ਐਜੂਕੇਸਨ (NSIGSE) |
| 7 | ਨੈਸਨਲ ਮੀਨਜ਼ ਕਮ ਮੈਰਿਟ ਸਕਾਲਰਸਿਪ ਸਕੀਮ (NMMS) |

| ਰਾਜ ਸਪੌਂਸਰਡ ਸਕੀਮਾਂ | |
|---|---|
| **ਲੜੀ ਨੰ:** | **ਸਕੀਮ ਦਾ ਨਾਮ** |
| 1 | 55- ਅਵਾਰਡ ਟੂ ਐਸ.ਸੀ ਸਪੋਰਟਸ ਸਟੂਡੈਂਟਸ (6ਵੀ- 12ਵੀ ਕਲਾਸਾਂ ਤੱਕ) |
| 2 | ਅਨੁਸੂਚਿਤ ਜਾਤੀਆਂ ਦੇ ਹੋਣਹਾਰ ਵਿਦਿਆਰਥੀ ਨੂੰ ਇਨਾਮ ਦੇਣ ਦੀ ਸਕੀਮ ( ਬਲਾਕ ਪੱਧਰ ਤ) |
| 3 | ਪ੍ਰਮੋਸਨ ਆਫ ਅਜੂਕੇਸਨ ਅਮੰਗ ਅਜੂਕੇਸਨਲੀ ਬੈਕਵਰਡ ਕਲਾਸਜ(ਰਾਜ ਵਿਦਿਅਕ ਭਲਾਈ ਸਕੀਮ (6ਵੀ ਤੋਂ 8ਵੀ ) |
| 4 | ਅਨੁਸੂਚਿਤ ਜਾਤੀ ਦੀਆਂ ਪੋਸਟ ਮੈਟ੍ਰਿਕ ਕਲਾਸਾਂ ਵਿੱਚ ਪੜ੍ਹ ਰਹੀਆਂ ਵਿਦਿਆਰਥਣਾ ਨੂੰ ਵਿਸੇਸ ਵਿੱਤੀ ਸਹਾਇਤਾ ਦੇਣ ਲਈ ਸਕੀਮ ( ਸਪੈਸਲ ਗ੍ਰਾਂਟ ਟੂ ਐਸ.ਸੀ ਗਰਲਜ ) (11ਵੀਂ ਤੋਂ 12ਵੀਂ) |
| 5 | ਡੀਨੋਟੀ ਫਾਇਡ ਟਰਾਇਬਜ ਪ੍ਰੀ-ਮੈਟ੍ਰਿਕ )<br>(ਵਿਮੁਕਤ ਜਾਤੀਆ ) (6ਵੀਂ ਤੋਂ 10ਵੀਂ) |
| 6 | 25 ਅਨੁਸੂਚਿਤ ਜਾਤੀ ਦੀਆਂ ਲੜਕੀਆਂ 12ਵੀਂ ਦੀ ਪੜਾਈ ਉਤਸਾਹਿਤ ਕਰਨ ਲਈ ਅਵਾਰਡ ਦੇਣ ਸਬੰਧੀ(11ਵੀਂ ਤੇ 12ਵੀਂ) |